# ਆਪਣਾ ਵੋਟ ਬੈਂਕ ਪੱਕਾ ਲਈ ਕਾਂਗਰਸ ਸਰਕਾਰ ਦਾ ਲੋਕਾਂ ਨਾਲ ਵਹਿਸ਼ੀ ਮਖੌਲ

ਦੋ ਫਰਵਰੀ ਨੂੰ ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਨੇ ਆਂਧਰਾ ਪ੍ਰਦੇਸ਼ ਦੇ ਇਕ ਪਿੰਡ ਬੰਡਲਾਪੱਲੀ ਵਿਚ ਕੌਮੀ ਦਿਹਾਤੀ ਰੁਜ਼ਗਾਰ ਗਰੰਟੀ ਸਕੀਮ ਦੀ ਸ਼ੁਰੂਆਤ ਇਕ ਬਹੁਤ ਹੀ ਗਰੀਬ ਕਿਸਾਨ ਨੂੰ ਰੁਜ਼ਗਾਰ ਗਰੰਟੀ ਕਾਰਡ ਦੇ ਕੇ ਕੀਤੀ। ਇਸ ਇਲਾਕੇ ਨੂੰ ਆਂਧਰਾ ਪ੍ਰਦੇਸ਼ ਅਤੇ ਹਿੰਦੁਸਤਾਨ ਦਾ ਸਾਰਿਆਂ ਨਾਲੋਂ ਗਰੀਬ ਅਤੇ ਪਛੜਿਆ ਹੋਇਆ ਇਲਾਕਾ ਦੱਸਿਆ ਜਾਂਦਾ ਹੈ। ਇਸ ਸਕੀਮ ਦਾ ਉਦਘਾਟਨ ਕਰਦੇ ਹੋਏ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਇਸ ਸਕੀਮ ਨੂੰ ਇਨਕਲਾਬੀ ਦੱਸਿਆ ਅਤੇ ਕਿਹਾ,

"ਇਹ ਕਾਨੂੰਨ ਸਾਡੇ ਸਮੇਂ ਦਾ ਸਾਰਿਆਂ ਨਾਲੋ ਜ਼ਿਆਦਾ ਅਹਿਮ ਕਾਨੂੰਨ ਹੈ ਅਤੇ ਇਸ ਨਾਲ ਉਨ੍ਹਾਂ ਲੋਕਾਂ ਨੂੰ ਆਸ ਮਿਲੇਗੀ ਜੋ ਆਸ ਛੱਡ ਚੁਕੇ ਹਨ ਅਤੇ ਇਸ ਕਾਨੂੰਨ ਨਾਲ ਉਨ੍ਹਾਂ ਨੂੰ ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਜੀਵਣ ਦਾ ਮੌਕਾ ਮਿਲੇਗਾ।"

ਮਨਮੋਹਨ ਸਿੰਘ ਅਤੇ ਕਾਂਗਰਸ ਸਰਕਾਰ ਦੀ ਧੋਖੇਬਾਜ਼ੀ ਇਸ ਗੱਲ ਤੋਂ ਜ਼ਾਹਿਰ ਹੈ ਕਿ ਜਿਸ ਨੂੰ ਇਹ ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਜੀਣਾ ਦੱਸ ਰਹੇ ਹਨ ਉਸ ਸਕੀਮ ਤਹਿਤ ਇਕ ਪਰਿਵਾਰ ਦੇ ਇਕ ਜਣੇ ਨੂੰ ਸਾਲ ਵਿਚ ਸਿਰਫ ਸੌ ਦਿਨ ਹੀ ਰੁਜ਼ਗਾਰ ਦਿਤਾ ਜਾਵੇਗਾ ਜਾਂ ਜੇ ਉਹਨੂੰ ਕੋਈ ਰੁਜ਼ਗਾਰ ਨਹੀਂ ਦਿਤਾ ਗਿਆ ਤਾਂ ਉਹਨੂੰ 75 ਰੁਪਏ ਦੀ ਦਿਹਾੜੀ ਦਿਤੀ ਜਾਵੇਗੀ। ਕੀ ਮਨਮੋਹਨ ਸਿੰਘ ਅਤੇ ਉਹਦੀ ਸਰਕਾਰ ਨੂੰ ਇਹ ਨਹੀਂ ਦਿਸਦਾ ਕਿ ਜਿਸ ਪਰਿਵਾਰ ਕੋਲ ਰੁਜ਼ਗਾਰ ਦਾ ਕੋਈ ਸਾਧਨ ਨਹੀਂ ਉਹਦੇ ਸਿਰਫ ਇਕ ਜਣੇ ਨੂੰ ਸਾਲ ਵਿਚ ਸਿਰਫ ਸੌ ਦਿਨ ਦਾ ਰੁਜ਼ਗਾਰ ਜਾਂ 75 ਰੁਪਏ ਦਿਹਾੜੀ ਮੁਹੱਈਆ ਕਰਨ ਨੂੰ ਉਹ ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਜੀਵਣ ਲਈ ਕਾਫ਼ੀ ਕਿਸ ਤਰਾਂ ਸਮਝਦੇ ਹਨ? ਸਰਕਾਰ ਆਪ ਹੀ ਦੱਸਦੀ ਹੈ ਕਿ ਰਾਯਲਸੀਮਾ ਦਾ ਇਹ ਇਲਾਕਾ ਭੁੱਖਮਰੀ ਅਤੇ ਗੁਰਬਤ ਦਾ ਬਹੁਤ ਚਿਰ ਤੋਂ ਸ਼ਿਕਾਰ ਹੈ।

ਦੂਸਰੀ ਗੱਲ ਇਹ ਹੈ ਕਿ ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਉਹ ਪਰਿਵਾਰ ਕਿਸ ਤਰਾਂ ਜੀ ਸਕਦਾ ਹੈ ਜਿਸ ਨੂੰ ਪਤਾ ਹੈ ਕਿ ਉਹਦੇ ਸਿਰਫ ਇਕ ਮੈਂਬਰ ਨੂੰ ਸਾਲ ਵਿਚ ਸੌ ਦਿਨ ਜੋ ਰੁਜ਼ਗਾਰ ਜਾਂ ਦਿਹਾੜੀ ਭੱਤਾ ਦੇਣ ਦਾ ਜੋ ਲਾਰਾ ਹੈ ਉਹਨੂੰ ਸਰਕਾਰ ਕਿਸੇ ਵਕਤ ਵੀ ਖੋਹ ਸਕਦੀ ਹੈ। ਇਹ ਸਕੀਮ ਲੋਕਾਂ ਨਾਲ ਇਕ ਬਹੁਤ ਹੀ ਭੱਦਾ ਅਤੇ ਵਹਿਸ਼ੀ ਮਖੌਲ ਹੈ। ਲੋਕ ਆਪਣੀ ਮਿਹਨਤ ਅਤੇ ਕੁਦਰਤ ਦੇ ਵਸੀਲਿਆਂ ਨਾਲ ਅਥਾਹ ਪੈਦਾਵਾਰ ਅਤੇ ਦੌਲਤ ਪੈਦਾ ਕਰਦੇ ਹਨ ਪਰ ਖੋਹ ਲਈ ਜਾਂਦੀ ਹੈ। ਲੋਕਾਂ ਦੀਆਂ ਜ਼ਮੀਨਾਂ ਅਤੇ ਕੁਦਰਤੀ ਸਾਧਨ ਹਾਕਮ ਜਮਾਤਾਂ ਅਤੇ ਸਰਕਾਰ ਨੇ ਸਭ ਜ਼ੋਰ ਨਾਲ ਖੋਹ ਲਏ ਹਨ। ਹੁਣ ਮਨਮੋਹਨ ਸਿੰਘ ਅਤੇ ਉਹਦੀ ਸਰਕਾਰ ਉਨ੍ਹਾਂ ਨਾਲ ਇਹ ਵਹਿਸ਼ੀ ਮਖੌਲ ਕਰ ਰਹੀ ਹੈ ਕਿ ਉਨ੍ਹਾਂ ਦੇ ਪਰਿਵਾਰ ਦਾ ਇਕ ਜਣਾ ਸੌ ਦਿਨ ਦਿਹਾੜੀ ਲਈ ਇਸ ਸਰਕਾਰ ਤੇ ਨਿਰਭਰ ਕਰ ਸਕਦਾ ਹੈ ਅਤੇ ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਜੀ ਸਕਦੇ ਹਨ।

ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਕੀ ਹੁੰਦੀ ਹੈ ਇਹਦਾ ਦਾ ਮਨਮੋਹਨ ਸਿੰਘ ਅਤੇ ਉਸ ਦੀ ਸਰਕਾਰ ਨੂੰ ਇਲਮ ਹੀ ਨਹੀਂ ਕਿਉਂਕਿ ਹਾਕਮ ਜਮਾਤਾਂ ਦੇ ਇਹ ਨੁਮਾਇੰਦੇ ਤਾਂ ਆਪਣੇ ਮਾਲਕਾਂ ਦੇ ਮੁਨਾਫ਼ਿਆਂ ਲਈ ਜਿਹੜਾ ਵੀ ਜ਼ਿਆਦਾ ਭਾਅ ਦਿੰਦਾ ਹੈ ਮੁਲਕ ਅਤੇ ਮੁਲਕ ਦੇ ਵਸੀਲਿਆਂ ਨੂੰ ਉਹਦੇ ਹੱਥ ਹੀ ਵੇਚ ਦੇਣ ਨੂੰ ਸਦਾ ਤਿਆਰ ਬਰ ਤਿਆਰ ਰਹਿੰਦੇ ਹਨ, ਅਤੇ ਜੋ ਲੋਕ ਇੱਜ਼ਤ ਅਤੇ ਮਾਣ ਦੀ ਜ਼ਿੰਦਗੀ ਜੀਵਣ ਵਾਸਤੇ ਆਪਣੀ ਕਿਸਮਤ ਦੇ ਫ਼ੈਸਲੇ ਆਪਣੇ ਹੱਥ ਲੈਣ ਦੀ ਕੋਸ਼ਿਸ਼ ਕਰਦੇ ਹਨ ਅਤੇ ਇਨ੍ਹਾਂ ਦਾ ਵਿਰੋਧ ਕਰਦੇ ਹਨ ਉਨ੍ਹਾਂ ਨੂੰ ਇਹ ਗੋਲੀ ਅਤੇ ਸਿੱਕੇ ਨਾਲ ਦਬਾਉਣ ਦੀ ਹਰ ਕੋਸ਼ਿਸ਼ ਕਰਦੇ ਆਏ ਹਨ ਅਤੇ ਕਰਦੇ ਹਨ।

ਪੰਜਾਬੀ ਅਤੇ ਹਿੰਦੁਸਤਾਨੀ ਦਰਸ਼ਨ ਅਤੇ ਸਿਆਸੀ ਸੋਧ ਮੁਤਾਬਿਕ ਰਾਜ ਤੰਤ੍ਰ ਦੇ ਮੁੱਖ ਫਰਜ਼ ਲੋਕਾਂ ਦੀ ਖ਼ੁਸ਼ਹਾਲੀ ਅਤੇ ਰਾਖੀ ਦੀ ਗਰੰਟੀ ਦੇਣਾ ਹੈ। ਜਦੋਂ ਪ੍ਰਜਾ ਖ਼ੁਸ਼ਹਾਲ ਹੋਵੇ ਅਤੇ ਉਸ ਦੀ ਹਿਫ਼ਾਜ਼ਤ ਦਾ ਪੂਰਾ ਪ੍ਰਬੰਧ ਹੋਵੇ ਤਾਂ ਹੀ ਉਹਨਾਂ ਇੱਜ਼ਤ ਅਤੇ ਸ਼ਾਨ ਦੀ ਜ਼ਿੰਦਗੀ ਜੀਣਾ ਮੁਮਕਿਨ ਹੋ ਸਕਦਾ ਹੈ। ਹਾਕਮ ਜਮਾਤਾਂ ਦਾ ਰਾਜ ਤੰਤ੍ਰ ਅਤੇ ਸਰਕਾਰ ਤਾਂ ਆਪ ਲੋਕਾਂ ਦੀ ਲੁੱਟ ਕਰਕੇ ਹਨ। ਇਹ ਵਾੜ ਤਾਂ ਆਪ ਹੀ ਖੇਤ ਨੂੰ ਖਾਂਦੀ ਹੈ, ਲੋਕ ਇੱਜ਼ਤ ਅਤੇ ਮਾਣ ਦੀ ਜ਼ਿੰਦਗੀ ਕਿਸ ਤਰਾਂ ਜੀ ਸਕਦੇ ਹਨ?

ਇਹੋ ਜਿਹੀਆਂ ਫ਼ਰੇਬੀ ਸਕੀਮਾਂ ਦੇ ਪਰਦੇ ਹੇਠ ਮਨਮੋਹਨ ਸਿੰਘ ਦੀ ਸਰਕਾਰ ਅਤੇ ਕਾਂਗਰਸ ਪਾਰਟੀ ਅਗਲੀਆਂ ਚੋਣਾਂ ਲਈ ਆਪਣਾ ਵੋਟ ਬੈਂਕ ਪੱਕਾ ਕਰ ਰਹੇ ਹਨ। ਇਸ ਸਕੀਮ ਨਾਲ ਦਿਹਾਤੀ ਲੋਕਾਂ ਦਾ ਕੁਝ ਵੀ ਨਹੀਂ ਸੌਰਨਾ। ਜਿਸ ਵਿਖਾਵੇ ਅਤੇ ਧੂਮ ਧੜਾਕੇ  ਨਾਲ ਇਹ ਸਕੀਮ ਸ਼ੁਰੂ ਕੀਤੀ ਹੈ ਉਸ ਤੋਂ ਵੀ ਜ਼ਿਆਦਾ ਸ਼ੋਰ ਨਾਲ ਇੰਦਰਾ ਗਾਂਧੀ ਨੇ ਗਰੀਬੀ ਹਟਾਓ, ਨਹਿਰੂ ਨੇ ਸੋਸ਼ਲਿਜ਼ਮ ਅਤੇ ਬੀ.ਜ਼ੇਪੀ ਸਰਕਾਰ ਨੇ ਲਿਸ਼ਕਦਾ ਹਿੰਦੁਸਤਾਨ ਦੀਆਂ ਸਕੀਮਾਂ ਸ਼ੁਰੂ ਕੀਤੀਆਂ

ਸਨ। ਇਹ ਸਭ ਸਕੀਮਾਂ ਅਤੇ ਨਾਅਰੇ  ਲੋਕਾਂ ਨੂੰ ਗੁੰਮਰਾਹ ਕਰਨ, ਅਮੀਰਾਂ ਦੇ ਮੁਨਾਫ਼ੇ ਵਧਾਉਣ  ਅਤੇ ਆਪਣੇ ਵੋਟ ਬੈਂਕ ਬਣਾਉਣ ਦੀਆਂ ਚਾਲਾ ਹੀ ਸਨ।

ਇਹ ਸਕੀਮ ਇਕ ਬਾਰ ਫਿਰ ਲੋਕਾਂ ਨੂੰ ਬੇਇੱਜ਼ਤ ਕਰਨ ਦੀ ਹੀ ਸਕੀਮ ਹੈ। ਮਨਮੋਹਨ ਸਿੰਘ ਨੇ ਇਸ ਫਰੇਬੀ ਸਕੀਮ ਬਾਰੇ ਹੋਰ ਵੀ ਕਿਹਾ ਕਿ,

"ਪੰਚਾਇਤਾਂ, ਗੈਰ ਸਰਕਾਰੀ ਅਦਾਰੇ, ਗਰਾਮ ਸਭਾਵਾਂ ਅਤੇ ਮੁਕਾਮੀ ਵਲੰਟੀਅਰ ਜਥੇਬੰਦੀਆਂ ਇਸ ਪ੍ਰੋਗਰਾਮ ਨੂੰ ਚਲਾਉਣ ਅਤੇ ਇਸ ਦੀ ਨਿਗਰਾਨੀ ਲਈ ਜ਼ਿੰਮੇਵਾਰ ਹੋਣਗੀਆਂ। ਇਹ ਲੋਕਾਂ ਨੂੰ ਸਮਰੱਥ ਅਤੇ ਉਨ੍ਹਾਂ ਦੀ ਤਾਕਤ ਵਧਾਉਣ ਲਈ ਇਕ ਵੱਡਾ ਕਦਮ ਹੋਵੇਗਾ ਅਤੇ ਲੋਕ ਇਸ ਨਾਲ ਆਪਣੇ ਇਲਾਕੇ ਦੇ ਕੁਦਰਤੀ ਸਾਧਨਾਂ ਬਾਰੇ ਫੈਸਲੇ ਕਰਨ ਵਿਚ ਹਿੱਸਾ ਪਾ ਸਕਣਗੇ।"

ਇਹ ਮਨਮੋਹਨ ਸਿੰਘ ਦਾ ਇਕ ਹੋਰ ਕੋਰਾ ਝੂਠ ਹੈ। ਇਸ ਸਕੀਮ ਜਾਂ ਕਿਸੇ ਹੋਰ ਕਾਨੂੰਨ ਤਹਿਤ ਹਿੰਦੁਸਤਾਨ ਦੇ ਕਿਸੇ ਹਿੱਸੇ ਵਿਚ ਵੀ ਲੋਕਾਂ ਨੂੰ ਕੋਈ ਵੀ ਹੱਕ ਨਹੀਂ ਕਿ ਉਹ ਆਪਣੇ ਇਲਾਕੇ ਦੇ ਕੁਦਰਤੀ ਸਾਧਨਾਂ ਦੇ ਇਸਤੇਮਾਲ ਬਾਰੇ ਫੈਸਲੇ ਆਪ ਕਰ ਸਕਣ। ਲੋਕ ਇਹ ਫ਼ੈਸਲੇ ਕਰਨਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਇਸ ਮੰਗ ਨੂੰ ਫੌਜ ਅਤੇ ਪੁਲਿਸ ਦੀਆਂ ਬੰਦੂਕਾਂ ਨਾਲ ਕੁਚਲਿਆ ਜਾਂਦਾ ਹੈ।

ਹਿੰਦੁਸਤਾਨ ਦੀ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਦੀ ਇਹ ਪੁਰਾਣੀ ਆਦਤ ਹੈ ਕਿ ਉਹ ਨਾਅਰੇ ਤਾਂ ਅਜੇਹੇ ਲਾਉਂਦੇ ਹਨ ਜਿਨ੍ਹਾਂ ਦੀ ਲੋਕਾਂ ਨੂੰ ਲੋੜ ਹੈ ਪਰ ਕੰਮ ਉਹ ਕਰਦੇ ਹਨ ਜੋ ਲੋਕਾਂ ਦੀਆਂ ਮੰਗਾਂ ਦੇ ਬਿਲਕੁਲ ਉਲਟ ਹੈ। ਅੰਗ੍ਰੇਜ਼ ਬਸਤੀਵਾਦੀਆਂ ਦੇ ਹਿੰਦੁਸਤਾਨ ਉੱਤੇ ਕਬਜ਼ੇ ਦੇ ਬਾਅਦ ਤੋਂ ਲੈ ਕੇ ਅੱਜ ਤੱਕ ਲੋਕਾਂ ਨੂੰ ਆਪਣੇ ਕੁਦਰਤੀ ਸਾਧਨਾਂ ਦੀ ਵਰਤੋਂ ਬਾਰੇ ਕੋਈ ਵੀ ਫੈਸਲਾ ਕਰਨ ਦਾ ਹੱਕ ਨਾ ਸੀ ਅਤੇ ਨਾ ਅਤੇ ਹੈ। ਇਹ ਫੈਸਲੇ ਜਾਂ ਤਾਂ ਹਾਕਮ ਜਮਾਤਾਂ ਦਾ ਰਾਜ ਤੰਤ੍ਰ ਜਾਂ ਉਨ੍ਹਾਂ ਦੀ ਮੰਡੀ ਉਨ੍ਹਾਂ ਦੇ ਮੁਨਾਫ਼ੇ ਵਧਾਉਣ ਲਈ ਕਰਦੇ ਹਨ। ਲੋਕਾਂ ਦੇ ਹੱਥਾਂ ਵਿਚ ਕੁਝ ਨਹੀਂ। ਕੌਮੀਕਰਨ ਅਤੇ ਨਿਜੀਕਰਣ ਰਾਹੀਂ ਹਾਕਮ ਜਮਾਤਾਂ ਨੇ ਲੋਕਾਂ ਦੇ ਕੁਦਰਤੀ ਸਾਧਨ ਖੋਹ ਕੇ ਸਟੇਟ ਜਾਂ ਨਿਜੀ ਮਾਲਕੀ ਦੇ ਹੱਥਾਂ ਵਿਚ ਕਰ ਲਏ ਹਨ। ਪਰ ਮਨਮੋਹਨ ਸਿੰਘ ਦੀਆਂ ਗੱਲਾਂ ਕਿ ਉਹਦੀ ਸਰਕਾਰ ਦੇ ਕੌਮੀ ਰੁਜ਼ਗਾਰ ਸਕੀਮ ਦੇ ਕਾਨੂੰਨ ਦੇ ਲਾਗੂ ਹੋਣ ਨਾਲ ਲੋਕ ਕੁਦਰਤੀ ਸਾਧਨਾਂ ਦੀ ਵਰਤੋਂ ਬਾਰੇ ਫੈਸਲਿਆਂ ਵਿਚ ਆਪਣਾ ਹਿੱਸਾ ਪਾ ਸਕਣਗੇ ਨਿਰੀ ਧੋਖੇਬਾਜ਼ੀ ਹੈ।

ਹਿੰਦੁਸਤਾਨ ਦੀ ਮਜ਼ਦੂਰ ਜਮਾਤ, ਕਿਸਾਨਾਂ, ਮਿਹਨਤਕਸ਼ਾਂ ਅਤੇ ਦੇਸ਼ ਭਗਤਾਂ ਲਈ ਬਦਕਿਸਮਤੀ ਦੀ ਗੱਲ ਹੈ ਕਿ ਕਮਿਊਨਿਸਟ ਕਹਾਉਣ ਵਾਲੀਆਂ ਵੱਡੀਆਂ ਪਾਰਟੀਆਂ ਅਤੇ ਉਨ੍ਹਾਂ ਦੇ ਆਗੂ ਮੱਕਾਰ ਹਾਕਮ ਜਮਾਤਾਂ ਦੇ ਇਸ ਫਰੇਬੀ ਅਤੇ ਵਹਿਸ਼ੀ ਮਖੌਲ ਦੀ ਪੁਰਜ਼ੋਰ ਹਿਮਾਇਤ ਕਰ ਰਹੀਆਂ ਹਨ। ਉਹ ਇਸ ਫ਼ਰਾਡ ਨੂੰ ਵੀ ਉਸੇ ਤਰ੍ਹਾਂ ਬੜੀ ਗਰਮਜੋਸ਼ੀ ਨਾਲ ਇਕ ਅਗਾਂਹਵਧੂ ਕਦਮ ਦੱਸ ਰਹੀਆਂ ਹਨ, ਜਿਸ ਤਰਾਂ ਉਨ੍ਹਾਂ ਨੇ ਕਦੇ ਇੰਦਰਾ ਦੇ ਗਰੀਬੀ ਹਟਾਓ ਅਤੇ ਨਹਿਰੂ ਦੇ ਸੋਸ਼ਲਿਜ਼ਮ ਨੂੰ ਦੱਸਿਆ ਸੀ।

ਸਿਰਫ਼ ਲੋਕ ਹੀ ਇਕੱਠੇ ਹੋ ਕੇ ਆਪਣੀ ਤਾਕਤ, ਸਿਆਸੀ ਸੂਝ ਅਤੇ ਜਥੇਬੰਦੀ ਨਾਲ ਸਭਨਾਂ ਦੇ ਹੱਕਾਂ ਦੀ ਰਾਖੀ ਲਈ ਘੋਲ ਚਲਾ ਕੇ ਇੱਜ਼ਤ ਅਤੇ ਮਾਣ ਦੀ ਜ਼ਿੰਦਗੀ ਜੀਵਣ ਦਾ ਬੰਦੋਬਸਤ ਕਰ ਸਕਦੇ ਹਨ, ਅਤੇ ਇਸ ਲਈ ਉਨ੍ਹਾਂ ਨੂੰ ਆਪਣੀ ਤਾਕਤ ਤੇ ਹੀ ਨਿਰਭਰ ਕਰਨਾ ਪਵੇਗਾ। ਇਸ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਚਾਰਾ ਨਹੀਂ ਹੈ। ਉਨ੍ਹਾਂ ਨੂੰ ਫਸਾਉਣ ਲਈ ਮਨਮੋਹਨ ਸਿੰਘ ਅਤੇ ਹਾਕਮ ਜਮਾਤਾਂ ਦੇ ਹੋਰ ਨੁਮਾਂਇਦੇ ਪਹਿਲਾਂ ਵਾਂਗ ਹੀ ਝੂਠ ਅਤੇ ਫਰੇਬ ਦੇ ਜਾਲ ਬੁਣਦੇ ਰਹਿਣਗੇ। ਇਹ ਇਨ੍ਹਾਂ ਦੀ ਮਜਬੂਰੀ ਹੈ। ਇਸ ਤੋਂ ਇਲਾਵਾ ਇਨ੍ਹਾਂ ਕੋਲ ਵੀ ਹੋਰ ਕੋਈ ਰਾਹ ਨਹੀਂ। ਝੂਠ ਫਰੇਬ ਹੀ ਇਨ੍ਹਾਂ ਦਾ ਅਜ਼ਮਾਇਆ ਹੋਇਆ ਹਥਿਆਰ ਹੈ ਜੋ ਇਹ ਲੋਕਾਂ ਖ਼ਿਲਾਫ਼ ਵਰਤਦੇ ਹਨ ਅਤੇ ਵਰਤਦੇ ਰਹਿਣਗੇ। ਲੋਕਾਂ ਨੂੰ ਹਾਕਮ ਜਮਾਤਾਂ ਅਤੇ ਇਨ੍ਹਾਂ ਦੇ ਨੁਮਾਇੰਦਿਆਂ ਦੀਆਂ ਇਹੋ ਜਿਹੀਆਂ ਚਾਲਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ ਅਤੇ ਇੱਜ਼ਤ ਤੇ ਮਾਣ ਦੀ ਜ਼ਿੰਦਗੀ ਜੀਵਣ ਦੇ ਹਾਲਾਤ ਪੈਦਾ ਕਰਨ ਲਈ ਆਪਣੇ ਘੋਲਾਂ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ।